# ਨੇਤਾ ਜੀ ਸੁਭਾਸ਼ ਚੰਦਰ ਬੋਸ

ਮਲਵਿੰਦਰ ਜੀਤ ਸਿੰਘ ਵੜੈਚ*

ਭਾਰਤ ਦੇ ਇਸ ਮਹਾਨ ਸਪੂਤ ਦਾ ਜਨਮ ਹੋਇਆ ਸੀ 23 ਜਨਵਰੀ 1897 ਨੂੰ ਉੜੀਸਾ ਦੇ ਕਟਕ ਸ਼ਹਿਰ ਵਿਚ, ਜਿੱਥੇ ਉਹਨਾਂ ਦੇ ਪਿਤਾ ਸ਼੍ਰੀ ਜਾਨਕੀਦਾਸ ਬੋਸ ਰਹਿ ਰਹੇ ਸਨ; ਉਹਨਾਂ ਦਾ ਜਦੀ ਪਿੰਡ ਤਾਂ ਸੀ ਕੋਦਲੀਆ ਬੰਗਾਲ ਦੇ 24 ਪਰਗਨਾ ਜ਼ਿਲ੍ਹੇ 'ਚ, ਪਰ ਸ੍ਰੀ ਬੋਸ ਜੋ ਕਿੱਤੇ ਵਜੋਂ ਵਕੀਲ ਸਨ, ਉਨ੍ਹੀ ਦਿਨੀਂ ਸਰਕਾਰੀ ਵਕੀਲ ਵਜੋਂ ਵਿਚ ਕਟਕ ਵਿਖੇ ਨਿਯੁਕਤ ਸਨ। ਮਾਤਾ, ਸ੍ਰੀਮਤੀ ਪ੍ਰਭਾਵੱਤੀ, ਧਾਰਮਿਕ-ਤਿਆਗਮਈ ਸੁਭਾਅ ਦੇ ਸਨ; ਸ਼ਾਇਦ ਇਸੇ ਕਰਕੇ ਹੀ ਬਚਪਨ ਦੇ ਦਿਨਾਂ ਵਿਚ ਹੀ ਇਹ ਬਾਲਕ ਮੰਜੇ ਬਿਸਤਰੇ ਨੂੰ ਛੱਡ ਕੇ ਫਰਸ਼ ਤੇ ਸ਼ਿਰਫ ਧੋਤੀ ਵਿਛਾਕੇ ਸੌਣ ਦਾ ਆਦੀ ਸੀ; ਜਦੋਂ ਕਦੇ ਮਾਤਾ ਨੇ ਲਾਡ ਨਾਲ ਇਸ ਬਾਰੇ ਗਿਲ੍ਹਾ ਕਰਨਾ ਤਾਂ ਉਹਦਾ ਜਹਾਬ ਹੁੰਦਾ, "ਸਾਡੇ ਪੁਰਖੇ ਰਿਸ਼ੀ-ਮੁਨੀ ਵੀ ਤਾਂ ਏਸੇ ਧਰਤੀ ਤੇ ਹੀ ਸੌਂਦੇ ਸੀ।" ਪਿਤਾ ਜੀ ਓਪਰੇ ਸ਼ਹਿਰ ਦੇ ਵਸਨੀਕ ਹੋਣ ਦੇ ਬਾਵਜੂਦ ਸਥਾਨਕ ਮਿਊਂਸੀਪਲ ਕਮੇਟੀ ਦੇ ਪ੍ਰਧਾਨ ਥਾਪੇ ਗਏ ਸਨ, ਤੇ ਉਹਨਾਂ ਦਾ ਮਿਸ਼ਨ ਸੀ ਵਿੱਦਿਆ ਦਾ ਪਸਾਰ।

ਪੰਜਾਂ ਸਾਲਾਂ ਦੇ ਹੋਣ ਤੇ ਮਿਸਨਰੀ ਸਕੂਲ, ਤੇ ਫਿਰ ਪ੍ਰਾਇਮਰੀ ਪਾਸ ਕਰਨ ਤੇ ਰੇਵਨੇਸ਼ ਕਾਲਜੀਏਟ ਸਕੂਲ ਪੜ੍ਹਾਈ ਕੀਤੀ। ਏਸ ਦੌਰਾਨ ਪ੍ਰਸਿੱਧ ਮਹਾਤਮਾ, ਸਵਾਮੀ ਵਿਵੇਕਾਨੰਦ ਜੀ ਕੁਝ ਦਿਨਾਂ ਲਈ ਕਟਕ ਆਏ, ਜਿਨ੍ਹਾਂ ਦੇ ਸਾਰੇ ਦੇ ਸਾਰੇ ਪ੍ਰਵਚਨ ਸੁਭਾਸ਼ ਨੇ ਸਰਵਨ ਕੀਤੇ। ਉਨੀਂ ਦਿਨੀਂ ਉੱਥੋਂ ਦੇ ਇਕ ਡਾਕਟਰ ਸੁਰੇਸ਼ ਚੰਦਰ ਨੇ ਸ਼ਹਿਰ ਵਿਚ ਇਕ ਆਸ਼ਰਮ ਉਨ੍ਹਾਂ ਯਵਕਾ ਲਈ ਖੋਲਿਆ, ਜੋ ਜੀਵਨ ਭਰ ਬ੍ਰਹਮਚਾਰੀ ਰਹਿਕੇ ਦੇਸ਼ ਸੇਵਾ ਹਿਤ ਜੀਵਨ ਬਿਤਾਉਣ ਵਾਲੇ ਹੋਣ; ਇਸ ਪਰਿਵਾਰ 'ਚੋਂ ਨਾ ਸਿਰਫ ਇਕਲੇ ਸੁਭਾਸ਼ ਹੀ ਬਲਕਿ ਨਾਲ ਹੀ ਉਹਨਾਂ ਦੇ ਵੱਡੇ ਭਰਾ ਸ਼ਰਤਚੰਦਰ ਵੀ ਏਸ ਕਾਰਜ ਵਿਚ ਜੁਟ ਗਏ।

ਕੁਝ ਹੀ ਅਰਸੇ ਪਿੱਛੋਂ ਸ਼ਹਿਰ 'ਚ ਹੈਜ਼ਾ ਫੈਲਣ ਲੱਗਾ; ਗਿਣਤੀ ਦੇ ਡਾਕਟਰਾਂ ਨੇ ਏਸਨੂੰ ਠਲ੍ਹਣ ਦੀ 'ਪੂਰੀ ਵਾਹ ਲਾਈ' ਪਰ ਮਹਾਮਾਰੀ ਕਾਬੂ ਵਿਚ ਨਹੀਂ ਸੀ ਆ ਰਹੀ। ਲੋਕਾਂ ਦੀ ਹਾਹਾਕਾਰ ਸੁਣਦਿਆਂ ਸੁਭਾਸ਼ ਕੋਲੋ ਰਿਹਾ ਨਾ ਗਿਆ; ਉਸਨੇ ਕੁੱਝ ਸਾਥੀ ਇਕੱਠੇ ਕਰ ਲਏ ਤੇ ਝੁੱਗੀ-ਝੌਂਪੜੀ ਵਸੋ ਵਿਚ ਪਹੁੰਚੇ; ਉਥੇ ਉਹ ਜਿਹੜੇ ਘਰ 'ਚ ਰੋਗੀ ਵੇਖਦੇ, ਅੰਦਰ ਚਲੇ ਜਾਂਦੇ, ਬੀਮਾਰ ਨੂੰ ਦਵਾਈ ਦੇਂਦੇ ਤੇ ਮਿੱਠੀਆਂ-ਪਿਆਰੀਆਂ ਗੱਲਾਂ ਨਾਲ ਉਹਦਾ ਹੌਂਸਲਾ ਵਧਾਉਂਦੇ।

ਵਕਤ ਪਾਕੇ ਬੀਮਾਰੀ ਤੇ ਤਾਂ ਕਾਬੂ ਪਾ ਲਿਆ ਗਿਆ; ਹੁਣ ਸੁਭਾਸ਼ ਦੀ ਤਿਆਗ ਬ੍ਰਿਤੀ ਕਿਸੇ ਮਹਾਤਮਾ ਦੀ ਟੋਹ ਵਿਚ ਸੀ, ਜਿਹਦੇ ਪਦ-ਚਿਨ੍ਹਾਂ ਤੇ ਚਲਕੇ ਉਹ ਜੀਵਨ ਦਾ ਉੱਤਮ ਮਾਰਗ ਅਪਣਾ ਸਕੇ। ਉਹਨੇ ਮਹਿਸੂਸ ਕੀਤਾ ਕਿ ਅਜੇਹਾ ਮਹਾਤਮਾ ਇਥੇ ਘਰ-ਗ੍ਰਿਹਸਥ ਵਿਚ ਰਹਿੰਦੇ ਹੋਇਆਂ ਨਹੀਂ ਮਿਲ ਸਕਦਾ, ਏਸ ਲਈ ਉਹ ਤੀਰਥਸਥਾਨਾਂ ਦੀ ਯਾਤਰਾ ਲਈ ਘਰੋਂ ਨਿਕਲ ਤੁਰੇ ਪਰ ਉਥੇ ਵਿਚਰ ਰਹੇ ਮਹਾਤਮਾ-ਪੁਰਸ਼ਾਂ ਨੂੰ ਗਾਂਜੇ, ਭੰਗ ਆਦਿ ਨਸ਼ਿਆਂ ਵਿਚ ਗਲਤਾਨ ਰਹਿੰਦੇ ਵੇਖ, ਨਿਰਾਸ਼ ਹੋਕੇ ਕੋਈ ਛੇ ਮਹੀਨੇ ਘਰੋ ਗ਼ੈਰਹਾਜਰ ਰਹਿਣ ਪਿੱਛੋਂ ਵਾਪਸ ਪਰਤ ਆਏ; ਭੁਖੇ-ਪਿਆਸੇ ਰਹਿਣ ਕਰਕੇ ਸਿਹਤ ਵੀ ਡਾਵਾਂਡੋਲ ਜਹੀ ਹੋ ਗਈ ਸੀ।

ਕਲਕੱਤਾ ਦੇ ਪਰੈਜ਼ੀਡੈਂਸੀ ਕਾਲੇਜ ਤੋਂ 1915 ਵਿੱਚ ਫਸਟ ਡਵੀਜਨ ਵਿਚ ਐੱਫ਼.ਏ. ਦੀ ਪ੍ਰੀਖਿਆ ਪਾਸ ਕੀਤੀ। ਉੱਥੇ ਇਕ ਓਟਨ ਨਾਂ ਦਾ ਅੰਗਰੇਜ਼ ਪ੍ਰੋਫੈਸਰ ਸੀ ਜੋ ਪੈਰ-ਪੈਰ ਤੇ ਭਾਰਤੀਆਂ ਦੀ ਬਦਖੋਈ ਕਰਨ ਦਾ ਆਦੀ ਸੀ। ਬਾਕੀ ਦੇ ਵਿਦਿਆਰਥੀ ਤਾਂ ਡਰਦੇ ਮੂੰਹ ਨਾ ਖੋਲ੍ਹਦੇ, ਪਰ ਸੁਭਾਸ਼ ਨਾ ਸਹਿ

* Email: mjswaraich29@gmail.com; Ph: 0172-2556314, Facebook: Prof. Malwinder Jit Singh Waraich

ਸਕਿਆ; ਇੱਕ ਦਿਨ ਉਹਨੇ ਗੁੱਸੇ ਵਿਚ ਆਕੇ ਉਹਦੇ ਇਕ ਲਫੇੜਾ ਮਾਰ ਦਿੱਤਾ। ਪ੍ਰਿੰਸੀਪਲ ਨੇ ਨਾ ਸਿਰਫ਼ ਉਸਨੂੰ ਹੀ ਬਲਕਿ ਉਹਦੇ ਕੁਝ ਨੇੜਲੇ ਸਾਥੀਆਂ ਨੂੰ ਵੀ ਕਾਲੇਜੋਂ ਕੱਢ ਦਿੱਤਾ; ਪਰ ਸਰ ਸੰਤੋਸ਼ (ਆਸ਼ੁਤੋਸ਼) ਮੁਕਰਜੀ ਨੇ ਪ੍ਰਿੰਸੀਪਲ ਨੂੰ ਸਮਝਾ ਬੁਲਾਕੇ ਦੁਬਾਰਾ ਦਾਖਲ ਕਰਾ ਦਿੱਤਾ, ਜਿੱਥੋਂ ਉਨ੍ਹਾਂ 1919 ਵਿਚ ਬੀ.ਏ. ਪਾਸ ਕੀਤੀ।

ਅਗਲੇਰੀ ਪੜ੍ਹਾਈ ਲਈ ਪਿਤਾ ਜੀ ਉਸ ਨੂੰ ਵਿਲਾਇਤ ਭੇਜਣਾ ਚਾਹੁੰਦੇ ਸੀ, ਪਰ ਸੁਭਾਸ਼ ਦਾ ਕਹਿਣਾ ਸੀ ਕਿ ਮੈਂ ਕਿਸੇ ਹਾਲਤ ਵਿਚ ਸਰਕਾਰੀ ਨੌਕਰੀ ਹੀ ਨਹੀਂ ਕਰਨੀ ਤਾਂ ਉਥੇ ਜਾਕੇ ਕੀ ਲੈਣਾ ਹੈ। ਪਿਤਾ ਨੇ ਕਿਤੇ ਉਹਨਾਂ ਦੇ ਮਾਤਾ ਜੀ ਨੂੰ ਕਿਹਾ ਕਿ “ਸੁਭਾਸ਼ ਨੂੰ ਖਦਸ਼ਾ ਹੈ ਕਿ ਉਹ ਇਮਤਿਹਾਨ ਪਾਸ ਨਹੀਂ ਕਰ ਸਕੇਗਾ, ਏਸੇ ਲਈ ਹੀ ਉਹ ਵਿਲਾਇਤ ਜਾਣੋ ਟਾਲਾ ਵੱਟ ਰਿਹੈ।” ਸੁਭਾਸ਼ ਦੇ ਕੰਨੀ ਜਦ ਇਹ ਸ਼ਬਦ ਪਏ, ਤਾਂ ਉਹਦਾ ਜਵਾਬ ਸੀ, “ਪਿਤਾ ਜੀ, ਹੁਣ ਮੈਂ ਵਿਲਾਇਤ ਜ਼ਰੂਰ ਜਾਵਾਂਗਾ ਅਤੇ ਆਪ ਜੀ ਨੂੰ ਇਮਤਿਹਾਨ ਚੋਂ ਪਾਸ ਹੋਕੇ ਵਿਖਾਵਾਂਗਾ, ਪਰ ਮੈਂ ਵਿਦੇਸ਼ੀਆਂ ਦੀ ਚਾਕਰੀ ਕਦਾਚਿਤ ਨਹੀਂ ਕਰਾਂਗਾ।” ਪਿਤਾ ਨੇ ਇਹ ਸ਼ਰਤ ਪਰਵਾਨ ਕਰ ਲਈ।

ਸੁਭਾਸ਼ ਵਲਾਇਤ ਪਹੁੰਚੇ ਤੇ ਆਈ.ਸੀ.ਐਸ. ਪ੍ਰੀਖਿਆ ਦੀ ਤਿਆਰੀ ਵਿਚ ਜੁਟ ਗਏ। ਜ਼ਿਕਰਯੋਗ ਹੈ ਕਿ ਉਨੀਂ ਦਿਨੀਂ ਇਹ ਇਮਤਿਹਾਨ ਦੇਣ ਲਈ ਇੰਗਲੈਂਡ ਹੀ ਜਾਣਾ ਪੈਂਦਾ ਸੀ, ਕਿਉਂਕਿ ਇਸ ਇਮਤਿਹਾਨ ਦਾ ਕੋਈ ਵੀ ਪ੍ਰੀਖਿਆ ਕੇਂਦਰ ਭਾਰਤ ਵਿਚ ਨਹੀਂ ਸੀ; ਏਸ ਮੁੱਦੇ ਤੇ ਸਾਡੇ ਕੌਮੀ ਨੇਤਾ ਬੜਾ ਹੀ ਜ਼ੋਰ ਦੇਂਦੇ ਰਹੇ, ਪਰ ਕਈ ਦਹਾਕੇ ਪਿੱਛੋਂ ਜਾਕੇ ਹੀ ਇਹ ਸ਼ਿਕਾਇਤ ਦੂਰ ਕੀਤੀ ਗਈ। ਆਪਣੀ ਮਿਹਨਤ ਦੇ ਬਲ-ਬੂਤੇ ਤੇ ਸੁਭਾਸ਼ ਨੇ ਏਸ ਮੁਕਾਬਲੇ ਦੀ ਸਿਰਮੌਰ ਪ੍ਰੀਖਿਆ ਵਿਚ ਚੌਥਾ ਸਥਾਨ ਪ੍ਰਾਪਤ ਕੀਤਾ ਤੇ ਨਾਲ ਹੀ ਕੈਂਬਰਿਜ ਯੂਨੀਵਰਸਿਟੀ ਤੋਂ ਬੀ.ਏ. ਦੀ ਡਿਗਰੀ ਵੀ ਪ੍ਰਾਪਤ ਕਰ ਲਈ।

ਵਿਲਾਇਤ ਵਿਚ ਰਹਿਕੇ ਸੁਭਾਸ਼ ਨੇ ਵੇਖਿਆ ਕਿ ਉਥੋਂ ਦੇ ਵਸਨੀਕ ਕਿੰਨੇ ਤੰਦਰੁਸਤ, ਸੁਖੀ ਤੇ ਪ੍ਰਸੰਨ ਜੀਵਨ ਬਤੀਤ ਕਰ ਰਹੇ ਹਨ, ਤੇ ਉੱਥੋਂ ਦੇ ਪਿੰਡ ਵੀ ਐਨ ਸਾਫ਼-ਸੁਥਰੇ ਹਨ ਤੇ ਗੰਦਗੀ ਨਾਂ ਦੀ ਕੋਈ ਚੀਜ਼ ਵੇਖਣ ਵਿਚ ਨਹੀਂ ਆਉਂਦੀ; ਗੰਦਗੀ ਤਾਂ ਕਿਤੇ ਰਹੀ, ਮਿੱਟੀ ਦਾ ਨਾਂ-ਨਿਸ਼ਾਨ ਵੀ ਨਹੀਂ ਦਿਸਦਾ। ਸਾਰੇ ਸਾਫ-ਸੁਥਰੇ ਪਹਿਰਾਵੇ ਵਿਚ ਦਿਸਦੇ ਹਨ। ਭਿਖਾਰੀ ਕੋਈ ਵੀ ਨਜਰ ਨਹੀਂ ਆਉਂਦਾ। ਉੱਚ-ਨੀਚ ਵਾਲਾ ਕੋਈ ਭਿੰਨ-ਭੇਦ ਵੀ ਨਹੀਂ ਹੈ। ਛੋਟੇ ਤੋਂ ਛੋਟੇ ਬਾਲਕ ਨੂੰ ਵੀ ਦੱਸਿਆ ਜਾਂਦਾ ਹੈ ਕਿ ਜੇ ਕੋਈ ਉਹਨਾਂ ਦਾ ਛੋਟੇ ਤੋਂ ਛੋਟਾ ਕੰਮ ਵੀ ਸੁਆਰੇ ਤਾਂ ਉਹਦਾ ਧੰਨਵਾਦ (ਥੈਂਕ ਯੂ) ਕਰਨਾ ਹੈ। ਇਹ ਸਭ ਕੁਝ ਵੇਖਦਿਆਂ ਸੁਭਾਸ਼ ਨੂੰ ਮਹਿਸੂਸ ਹੋਇਆ ਕਿ ਇਹ ਸਭ ਵਰਤਾਰਾ ਉਸ ਦੇਸ਼ ਦੇ ਆਜ਼ਾਦ ਹੋਣ ਕਰਕੇ ਹੀ ਸੰਭਵ ਹੋ ਸਕਿਆ ਹੈ; ਇਹਨਾਂ ਦਾ ਆਪਣੇ ਦੇਸ਼ ਵਿਚ ਆਪਣਾ ਰਾਜ ਹੈ, ਇਸੇ ਲਈ ਇਹ ਵਿੱਦਿਆ, ਸਿਹਤ, ਸ਼ਿਸ਼ਟਾਚਾਰ, ਜਿਹੇ ਸੁਖ ਭੋਗ ਰਹੇ ਹਨ। ਦੂਜੇ ਪਾਸੇ, ਜਦੋਂ ਆਪਣੇ ਦੇਸ਼ ਦੀ ਗਰੀਬੀ ਦਾ ਚੇਤਾ ਕਰਦਾ ਤਾਂ ਅੱਖਾਂ ਸੇਜਲ ਹੋ ਜਾਂਦੀਆਂ — ਉਹ ਨੇ ਤੱਤ ਕੱਢਿਆ ਕਿ ਸਾਰੇ ਬਖੇੜਿਆ ਦਾ ਮੂਲ-ਸਰੋਤ ਗੁਲਾਮੀ ਹੀ ਹੈ।

ਆਈ.ਸੀ.ਐਸ. ਪ੍ਰੀਖਿਆ ਪਾਸ ਕਰਨ ਵਾਲਿਆਂ ਨੂੰ ਡੀ.ਸੀ. ਆਦਿ ਵਰਗੀਆਂ ਵੱਡੀਆਂ-ਵੱਡੀਆਂ ਪਦਵੀਆਂ ਤੇ ਨਿਯੁਕਤ ਕੀਤਾ ਜਾਂਦਾ ਸੀ; ਲੰਦਨ ਤੇ ਇੰਡੀਆ ਹਾਊਸ ਵਿਚ ਉਹਨਾਂ ਨੂੰ ਸਦਿਆ ਗਿਆ ਅਤੇ ਸੰਬੰਧਤ ਅੰਗਰੇਜ਼ ਉੱਚ-ਅਧਿਕਾਰੀ ਨੇ ਵੱਡੀ ਪਦਵੀ ਦੀ ਪੇਸ਼ਕਸ ਕੀਤੀ। ਸੁਭਾਸ਼ ਬੋਲੇ ਮੈਂ ਕਿਸੇ ਕੀਮਤ ਤੇ ਵੀ ਚਾਕਰੀ ਨਹੀਂ ਕਰਨੀ; ਮੈਂ ਆਪਣਾ ਜੀਵਨ ਦੇਸ਼ ਸੇਵਾ ਵਿਚ ਲਾਵਾਂਗਾ।” ਅਫਸਰ ਨੇ ਕਿਹਾ, “ਕਿਉਂ ਪਾਗਲਪਨ ਕਰ ਰਹੇ ਹੋ; ਆਪਣਾ ਜੀਵਨ ਨਿਰਬਾਹ ਕਿਵੇਂ ਕਰੋਗੇ?”

ਸੁਭਾਸ਼ ਗੰਭੀਰ ਹੋ ਕੇ ਬੋਲੇ, “ਮੈਂ ਅਜੇਹਾ ਅਭਿਆਸ ਕਰ ਲਿਐ ਅਤੇ ਮੈਂ ਦੋ ਆਨੇ (13 ਪੈਸੇ) ਵਿਚ ਹੀ ਗੁਜਾਰਾ ਕਰ ਸਕਦਾ ਹਾਂ।”

ਉੱਚਅਧਿਕਾਰੀ ਨਿਰਉੱਤਰ ਹੋ ਗਿਆ ਤੇ ਸੁਭਾਸ਼ ਦੇਸ਼ ਪਰਤ ਆਏ।

**ਇਹ ਨਾ-ਮਿਲਵਰਤਣ ਲਹਿਰ:** 1921 ਦਾ ਦੌਰ ਸੀ ਜਦੋਂ ਦੇਸ਼ ਦੇ ਕੋਨੇ-ਕੋਨੇ ਵਿਚ ਸਰਕਾਰੀ ਸਿੱਖਿਆ ਸੰਸਥਾਵਾਂ ਤੇ ਵਿਦੇਸ਼ੀ ਵਸਤੂਆਂ ਦਾ ਬਾਈਕਾਟ ਜ਼ੋਰਾਂ ਤੇ ਸੀ। ਥਾਂ-ਪੁਰ-ਥਾਂ ਵਿਦੇਸ਼ੀ ਕਪੜਿਆਂ ਦੀ 'ਹੋਲੀ' ਜਲਾਈ ਜਾ ਰਹੀ ਸੀ। ਸਰਕਾਰੀ ਮਾਨਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਦੇ ਬਦਨ ਵੱਜੋਂ ਨੈਸ਼ਨਲ ਸਕੂਲ, ਕਾਲੇਜ ਤੇ ਯੂਨੀਵਰਸਿਟੀਆਂ ਚਲਾਈਆਂ ਜਾ ਰਹੀਆਂ ਸਨ। ਉਨ੍ਹੀਂ ਦਿਨੀਂ ਬੰਗਾਲ ਦੇ ਪ੍ਰਮੁੱਖ ਕੌਮੀ ਨੇਤਾ ਦੇਸ਼ਬੰਧੂ ਚਿਤਰੰਜਨ ਦਾਸ ਨੇ ਬੋਸ ਨੂੰ ਕਲਕੱਤਾ ਦੇ ਇਕ ਨੈਸ਼ਨਲ ਕਾਲੇਜ ਦਾ ਪ੍ਰਿੰਸੀਪਲ ਨਿਯੁਕਤ ਕਰ ਦਿੱਤਾ। ਸੁਭਾਸ਼ ਲਈ ਨੌਜਵਾਨ ਵਿਦਿਆਰਥੀਆਂ ਨੂੰ ਦੇਸ਼ਭਗਤੀ ਵੱਲ ਪ੍ਰੇਰਿਤ ਕਰਣ ਦਾ ਇਹ ਸੁਨਹਿਰੀ ਮੌਕਾ ਸੀ। ਨਾਲ ਹੀ ਉਹਨਾਂ ਨੇ ਦੇਸ਼ਬੰਧੂ ਚਿਤਰੰਜਨ ਨਾਲ ਮਿਲਕੇ ਨਾ-ਮਿਲਵਰਤਨ ਅੰਦੋਲਣ ਵਿਚ ਵੀ ਯੋਗਦਾਨ ਪਾਣਾ ਜਾਰੀ ਰੱਖਿਆ। ਸਰਕਾਰ ਨੇ ਸੁਭਾਸ਼ ਤੇ ਦੇਸ਼ਬੰਧੂ ਦੀ ਲੋਕਪ੍ਰਿਅਤਾ ਤੋਂ ਤੰਗ ਆਕੇ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਛੇ-ਛੇ ਮਹੀਨੇ ਦੀ ਕੈਦ ਸੁਣਾ ਦਿੱਤੀ; ਸੁਭਾਸ਼ ਨੇ ਮਖੌਲ ਨਾਲ ਕਿਹਾ, "ਕੀ ਮੈਂ ਕਿਸੇ ਦੀ ਮੁਰਗੀ ਚੁਰਾਈ ਹੈ ਕਿ ਮੈਨੂੰ ਐਨੀ ਮਾਮੂਲੀ ਸਜ਼ਾ ਦਿੱਤੀ ਜਾ ਰਹੀ ਹੈ?"

ਜੇਲ੍ਹੋਂ ਰਿਹਾ ਹੋਣ ਪਿੱਛੋਂ 1922 ਵਿਚ ਬੰਗਾਲ ਵਿਚ ਬੜੇ ਭਿਅੰਕਰ ਹੜ੍ਹ ਆਏ ਅਤੇ ਜਿਸ ਦੌਰਾਨ ਸੁਭਾਸ਼ ਨੇ ਹੜ੍ਹ-ਪੀੜਤਾਂ ਲਈ ਰਾਹਤਕਾਰਜਾਂ ਵਿਚ ਦਿਨ-ਰਾਤ ਇੱਕ ਕਰ ਦਿੱਤੇ।

## ਮੇਅਰ (Mayor) ਸੁਭਾਸ਼

1923 ਦੀਆਂ ਸਥਾਨਕ ਚੋਣਾਂ ਵਿਚ ਦੇਸ਼ਬੰਧੂ ਚਿਤਰੰਜਨ ਦਾਸ ਕਲਕੱਤਾ ਦੇ ਮੇਅਰ ਚੁਣੇ ਗਏ, ਅਤੇ ਸੁਭਾਸ਼ ਬਾਬੂ ਅਗਜ਼ੈਕਟਿਵ ਅਫਸਰ (Executive Officer)। ਉਹਨਾਂ ਇਹ ਕਾਰਜ ਪ੍ਰਤੀ ਤਨਦੇਹੀ ਨਾਲ ਕੀਤਾ; ਹੋਰ ਤਾਂ ਹੋਰ, ਕਾਰਪੋਰੇਸ਼ਨ ਦੇ ਕਰਮਚਾਰੀ ਖਦਰਧਾਰੀ ਹੋ ਗਏ, ਜੋ ਉਨੀਂ ਦਿਨੀਂ ਇਹ ਬੜੀ ਜੁਰਅਤ ਵਾਲਾ ਕੰਮ ਸੀ। ਰੋਗੀਆਂ ਦੇ ਇਲਾਜ ਲਈ ਨਵੇਂ ਦਵਾਖਾਨੇ ਖੋਲੇ ਗਏ, ਕਈ ਪ੍ਰਾਇਮਰੀ ਸਕੂਲ ਖੋਲ੍ਹਣ ਤੋਂ ਇਲਾਵਾ ਪੰਜਵੀ ਜਮਾਤ ਤੱਕ ਦੀ ਫੀਸ ਮਾਫ਼ ਕਰ ਦਿੱਤੀ ਗਈ।

25 ਅਕਤੂਬਰ 1924 ਨੂੰ ਸਰਕਾਰ ਨੇ ਇਕ ਜਾਬਰਾਨਾ ਆਰਡੀਨੈਂਸ ਲਾਗੂ ਕਰਕੇ ਕਿਸੇ ਵੀ ਵਿਅਕਤੀ ਨੂੰ ਬਿਨਾ ਮੁਕਦਮਾ ਚਲਾਏ ਕੈਦ ਕਰ ਲੈਣ ਦੇ ਅਧਿਕਾਰ ਹਾਸਲ ਕਰ ਲਏ, ਤੇ ਸਭ ਤੋਂ ਪਹਿਲਾ ਇਹਦਾ ਨਿਸ਼ਾਨਾ ਸੁਭਾਸ਼ ਹੀ ਬਣੇ। ਪਿਛੋਂ ਹੋਰ ਵੀ ਕਈ ਦੇਸ਼ ਭਗਤਾਂ ਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਅਲੀਪੁਰ ਜੇਲ੍ਹ ਵਿਚ ਨਜ਼ਰਬੰਦੀ ਦੌਰਾਨ ਵੀ ਸੁਭਾਸ਼ ਅੰਦਰੋਂ ਹੀ ਕਾਰਪੋਰੇਸ਼ਨ ਦੀ ਡਿਊਟੀ ਨਿਭਾਉਂਦੇ ਰਹੇ। ਉਹਨਾਂ ਨੂੰ ਫਰਵਰੀ 1926 ਵਿਚ ਮਾਂਡਲੇ-ਬਰਮਾ ਜੇਲ੍ਹ ਭੇਜ ਦਿੱਤਾ ਗਿਆ। ਉੱਥੇ ਉਹ ਦੁਰਗਾ ਪੂਜਾ ਦਾ ਪਵਿੱਤਰ ਤਿਉਹਾਰ ਜੇਲ੍ਹ ਵਿਚ ਮਨਾਉਣਾ ਚਾਹੁੰਦੇ ਸੀ; ਪਰ ਇਸ ਦੀ ਆਗਿਆ ਨਾ ਦਿੱਤੇ ਜਾਣ ਤੇ ਭੁਖ-ਹੜਤਾਲ ਕਰ ਦਿੱਤੀ, ਤੇ ਅਖੀਰ ਸਰਕਾਰ ਨੂੰ ਉਹਨਾਂ ਦੀ ਸ਼ਰਤ ਅੱਗੇ ਝੁਕਨਾ ਹੀ ਪਿਆ ਤੇ ਉਨ੍ਹਾਂ ਨੇ ਇਹ ਤਿਉਹਾਰ ਜੇਲ੍ਹ ਵਿਚ ਹੀ ਮਨਾਇਆ।

ਜੇਲ੍ਹੀ ਹਾਲਾਤ ਐਨੇ ਭੈੜੇ ਸਨ ਕਿ ਉਹਨਾਂ ਦੀ ਸਿਹਤ ਵਿਗੜਣ ਲੱਗੀ ਅਤੇ ਉਹਨਾਂ ਦਾ ਇਕ ਫੇਫੜਾ ਖਰਾਬ ਹੋ ਗਿਆ; ਰੰਗ ਵੀ ਪੀਲਾ ਪੈ ਗਿਆ; ਐਥੋਂ ਤੱਕ ਕਿ ਚਲਣਾ-ਫਿਰਨਾ ਵੀ ਮੁਸ਼ਕਲ ਹੋ ਗਿਆ। ਸਰਕਾਰ ਨੇ ਪੇਸ਼ਕਸ ਕੀਤੀ ਕਿ ਜੇ ਉਹ ਸਵਿਟਜ਼ਰਲੈਂਡ ਜਾ ਕੇ ਇਲਾਜ ਕਰਾਉਣਾ ਚਾਹੁਣ ਤਾਂ ਉਹਨਾਂ ਨੂੰ ਇਹਦੀ ਫਿਰ ਖੁਲ੍ਹ ਦਿੱਤੀ ਜਾ ਸਕਦੀ ਹੈ। ਪਰ ਉਹਨਾਂ ਨੇ ਸਰਕਾਰ ਦੀ ਇਸ ਪੇਸ਼ਕਸ ਤੋਂ ਇਨਕਾਰ ਕਰ ਦਿੱਤਾ। ਉਧਰ ਦੇਸ਼ ਭਰ ਵਿਚ ਉਹਨਾਂ ਦੀ ਰਿਹਾਈ ਦੇ ਹਕ ਵਿਚ ਵੱਡੇ-ਵੱਡੇ ਜਲਸੇ ਤੇ ਹੜਤਾਲਾਂ ਹੋਣ ਲੱਗੀਆਂ ਤਾਂ ਉਨ੍ਹਾਂ ਨੂੰ 16 ਮਈ 1927 ਨੂੰ ਫਿਰ ਰਿਹਾ ਕੀਤਾ ਗਿਆ। ਉਨ੍ਹਾਂ ਦੀ ਸਮੁੰਦਰੀ ਜਹਾਜ਼ ਰਾਹੀਂ ਬਰਮਾ ਤੋਂ ਕਲਕੱਤਾ ਦੀ ਡਾਇਮੰਡ ਹਾਰਬਰ ਬੰਦਰਗਾਹ ਪਹੁੰਚਣ ਦੀ ਉਡੀਕ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਈ ਉਹਨਾਂ ਦੇ ਸੁਆਗਤ ਲਈ ਪਹੁੰਚੀ ਵੇਖ ਸਰਕਾਰ ਬੁਖਲਾ ਗਈ ਤੇ ਪੁਲੀਸ ਨੇ ਉਹਨਾਂ ਨੂੰ ਕਿਸ਼ਤੀ ਰਾਹੀਂ ਕਿਸੇ ਹੋਰ ਜਗ੍ਹਾ ਤੇ ਜਾ ਉਤਾਰਿਆ।

ਮਈ 1928 ਵਿਚ ਉਹ ਪਹਿਲੀ ਵਾਰ ਗਾਂਧੀ ਜੀ ਨੂੰ ਮਿਲਣ ਉਹਨਾਂ ਦੇ ਸਾਬਰਮਤੀ ਆਸ਼ਰਮ ਗਏ, ਪਰ ਉਹਨਾਂ ਨੂੰ ਗਾਂਧੀ ਜੀ ਦਾ ਦਰਿਸ਼ਟੀਕੋਣ ਨਾ ਜਚਿਆ। ਫਿਰ ਕਲਕੱਤਾ ਕਾਰਪੋਰੇਸ਼ਨ ਦੇ ਮੇਅਰ ਚੁਣੇ ਗਏ; ਉਧਰੋਂ 26 ਜਨਵਰੀ 1930 ਦਾ ਦਿਨ ਨੇੜੇ ਆ ਰਿਹਾ ਸੀ; ਪਿਛਲੇ ਸਾਲ ਹੀ ਇਸ ਦਿਨ ਨੂੰ ਹਰ ਸਾਲ 'ਆਜ਼ਾਦੀ ਦਿਵਸ' ਵਜੋਂ ਮਨਾਏ ਜਾਣ ਦਾ ਐਲਾਨ ਹੋਇਆ ਸੀ; ਸਰਕਾਰ ਨੇ ਦਫ਼ਾ-144 ਲਾਗੂ ਕਰ ਦਿੱਤੀ, ਪਰ ਮਨਚਲੇ ਨੌਜਵਾਨ ਗਲੀਆਂ ਬਾਜ਼ਾਰਾਂ ਵਿਚ ਨਿਕਲ ਆਏ ਤੇ ਸੁਭਾਸ਼ ਦੀ ਅਗਵਾਈ ਵਿਚ ਨਾਅਰੇ ਲਾਉਂਦੇ ਸ਼ਹਿਰ ਵਿਚ ਫਿਰਨ ਲੱਗੇ; ਲਾਠੀਚਾਰਜ ਹੋਇਆ ਤੇ ਸੁਭਾਸ਼ ਨੂੰ ਫੜ ਕੇ ਅਲੀਪੁਰ ਜੇਲ੍ਹ ਭੇਜ ਦਿੱਤਾ। ਉਥੋਂ ਇਹ ਦਸੰਬਰ 1930 ਵਿਚ ਜਾਕੇ ਰਿਹਾ ਹੋਏ ਤੇ ਜਦ ਫਿਰ ਉਹੀ 26 ਜਨਵਰੀ ਦਾ ਦਿਨ ਨੇੜੇ ਢੁਕ ਰਿਹਾ ਸੀ। ਪਿਛਲੇ ਸਾਲ ਵਾਂਗ ਹੀ ਜਲੂਸ ਤੇ ਲਾਠੀ ਚਾਰਜ ਹੋਇਆ ਤੇ ਸੁਭਾਸ਼ ਫਿਰ ਜੇਲ੍ਹ ਭੇਜ ਦਿੱਤੇ ਗਏ, ਜਿਥੋਂ ਉਹ 4 ਅਪ੍ਰੈਲ 1931 ਨੂੰ, ਗਾਂਧੀ-ਇਰਵਨ ਪੈਕਟ ਮੌਕੇ ਰਿਹਾ ਹੋਏ।

ਜਦੋਂ ਗਾਂਧੀ ਜੀ ਇਸ ਸਮਝੌਤੇ ਪਿਛੋਂ ਲੰਡਨ ਤੋਂ ਦੂਜੀ ਗਲਮੇਜ਼ ਕਾਨਫਰੰਸ ਤੋਂ ਖਾਲੀ ਹੱਥ ਵਾਪਸ ਆ ਗਏ ਤਾਂ ਉਹਨਾਂ ਨੇ ਕੁਲ ਹਿੰਦ ਕਾਂਗਰਸ ਕਮੇਟੀ ਦੀ ਬੰਬਈ ਵਿਚ ਮੀਟਿੰਗ ਬੁਲਾਈ, ਜਿਸ ਵਿਚ ਸੁਭਾਸ਼ ਨੂੰ ਬੰਗਾਲ ਕਾਂਗਰਸ ਕਮੇਟੀ ਦੇ ਪ੍ਰਧਾਨ ਵਜੋਂ ਵਿਸ਼ੇਸ਼ ਤੌਰ ਤੇ ਸੱਦਾ ਭੇਜਿਆ ਗਿਆ। ਉਹ ਗਾਂਧੀ ਜੀ ਦੀ ਨੀਤੀ ਨਾਲ ਸਹਿਮਤ ਨਾ ਹੋਏ ਤੇ ਉਹਨਾਂ ਬੰਗਾਲ ਕਾਂਗਰਸ ਦੀ ਪ੍ਰਧਾਨਗੀ ਤੇ ਨਾਲ ਹੀ ਕਲਕੱਤਾ ਕਾਰਪੋਰੇਸ਼ਨ ਦੇ ਮੇਅਰ ਦੀ ਪਦਵੀਂ ਤੋਂ ਅਸਤੀਫਾ ਦੇ ਦਿੱਤਾ; ਉਹਨਾਂ ਨੂੰ ਬੰਬਈ ਤੋਂ ਕਲਕੱਤਾ ਵੱਲ ਰਵਾਨਾ ਹੁੰਦਿਆ ਹੀ ਸਥਾਨਕ ਕਲਿਆਨ ਸਟੇਸ਼ਨ ਤੇ 1818 ਤੇ ਤੀਸਰੇ ਰੈਗੂਲੇਸ਼ਨ ਤਹਿਤ ਗ੍ਰਿਫਤਾਰ ਕਰਕੇ ਮਦਰਾਸ (ਚਿੰਨਈ) ਜੇਲ੍ਹ ਅੰਦਰ ਡੱਕ ਦਿੱਤਾ ਗਿਆ। ਸਿਹਤ ਵਿਗੜਦੇ ਵੇਖ ਇਹਨਾਂ ਨੂੰ ਭੁਵਾਲੀ ਸੈਨੇਟੋਰੀਅਮ ਭੇਜ ਦਿੱਤਾ ਗਿਆ, ਪਰ ਕੋਈ ਫਰਕ ਨਾ ਪੈਂਦਾ ਵੇਖ ਡਾਕਟਰਾਂ ਨੇ ਤਸ਼ਖੀਸ ਕੀਤੀ ਕਿ ਇਹਨਾਂ ਨੂੰ ਤਪਦਿਕ (ਟੀ.ਬੀ.) ਹੋ ਗਈ ਹੈ।

ਇਲਾਜ ਲਈ ਇਹਨਾਂ ਨੂੰ ਮਾਰਚ 1933 ਵਿਚ ਆਸਟਰੀਆ ਦੇ ਪ੍ਰਸਿੱਧ ਸ਼ਹਿਰ ਵਿਆਨਾ ਭੇਜ ਦਿੱਤਾ ਗਿਆ; ਅਜੇ ਇਲਾਜ ਚਲ ਹੀ ਰਿਹਾ ਸੀ ਕਿ ਘਰੋਂ ਪਿਤਾ ਜੀ ਦੇ ਸਖਤ ਬੀਮਾਰ ਹੋਣ ਦੀ ਇਤਲਾਹ ਮਿਲਣ ਤੇ ਫੌਰਨ ਘਰ ਪਰਤ ਆਏ; ਕੁਝ ਹੀ ਦਿਨਾਂ ਪਿਛੋਂ ਪਿਤਾ ਜੀ ਚੜ੍ਹਾਈ ਕਰ ਗਏ। ਸਰਕਾਰ ਨੇ ਫਿਰ ਇਨ੍ਹਾਂ ਨੂੰ ਯੋਰਪ ਚਲੇ ਜਾਣ ਦੀ ਆਗਿਆ ਦੇ ਦਿੱਤੀ। ਇਹ ਨਾ ਚਾਹੁੰਦੇ ਹੋਏ ਵੀ ਦੋਸਤਾਂ ਦੇ ਜ਼ੋਰ ਦੇਣ ਤੇ ਜਨਵਰੀ 1934 ਵਿਚ ਫੇਰ ਵਿਆਨਾ ਚਲੇ ਗਏ। ਉਹਨਾਂ ਨੇ ਵਿਦੇਸ਼ ਰਹਿੰਦਿਆਂ 'ਇੰਡੀਅਨ ਸਟਰੱਗਲ' (Indian Struggle) ਨਾਂ ਦੀ ਇਕ ਪੁਸਤਕ ਦੀ ਰਚਨਾ ਕੀਤੀ ਜੋ ਉਹਨਾਂ ਦੇ ਨਜ਼ਰੀਏ ਤੇ ਆਧਾਰਤ ਸੀ, ਪਰ ਹਿੰਦ ਸਰਕਾਰ ਨੇ ਇਸਦੇ ਹਿੰਦੋਸਤਾਨ ਵਿਚ ਦਰਾਮਦ ਦੀ ਮਨਾਹੀ ਕਰ ਦਿੱਤੀ। ਵਿਦੇਸ਼ ਰਹਿੰਦਿਆਂ ਉਹ ਇਟਲੀ ਦੇ ਹਾਕਮ ਮਸੋਲੀਨੀ, ਅਫਗਾਨਿਸਤਾਨ ਦੇ ਬਾਦਸ਼ਾਹ ਅਮਾਨੁਲਾਖਾਂ ਤੇ ਆਇਰਲੈਂਡ ਦੇ ਪ੍ਰਸਿੱਧ ਇਨਕਲਾਬੀ ਰਾਸ਼ਟਰਪਤੀ ਡੀ. ਵਲੇਰਾ ਨੂੰ ਵੀ ਮਿਲੇ।

ਅਪ੍ਰੈਲ 1936 ਵਿਚ ਦੇਸ਼ ਪਰਤਨ ਤੇ ਬਦਰਗਾਹ ਤੇ ਹਜ਼ਾਰਾਂ ਦੇਸ਼ਵਾਸੀ ਇਹਨਾਂ ਦੇ ਸੁਆਗਤ ਦੀ ਤਿਆਰੀ ਵਿਚ ਸਨ, ਪਰ ਸਰਕਾਰ ਨੇ ਇਹਨਾਂ ਨੂੰ ਭਾਰਤ ਦੀ ਧਰਤੀ ਤੇ ਪੈਰ ਰਖਣ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ। ਦੇਸ਼ ਭਰ ਵਿਚ ਵਿਰੋਧੀ ਜਲਸੇ-ਹੜਤਾਲਾਂ ਹੋਈਆਂ, ਪਰ ਸਰਕਾਰ ਦੇ ਕੰਨ ਤੇ ਕੋਈ ਜੂੰ ਨਾ ਸਰਕੀ। ਪੂਨਾ-ਯਰਵਾਦਾ ਜੇਲ੍ਹ ਵਿਚ ਬੰਦੀ ਦੌਰਾਨ ਇਹਨਾਂ ਦੀ ਸਿਹਤ ਫਿਰ ਵਿਗੜਨ ਲੱਗੀ ਜਿਸ ਕਰਕੇ ਮਾਰਚ 1937 ਵਿਚ ਰਿਹਾ ਕਰ ਦਿੱਤੇ ਗਏ। ਉਹ ਇਲਾਜ ਲਈ ਫਿਰ ਯੋਰੋਪ ਚਲੇ ਗਏ; ਲੰਡਨ ਪਹੁੰਚਣ ਤੇ ਉਹਨਾਂ ਦਾ ਸ਼ਾਨਦਾਰ ਸੁਆਗਤ ਹੋਇਆ। ਇਹਨੀ ਦਿਨੀਂ ਹੀ ਲਖਨਊ ਕਾਂਗਰਸ ਸੈਸ਼ਨ ਮੌਕੇ ਹਰੀਪੁਰਾ ਵਿਖੇ ਹੋਣ ਵਾਲੇ ਅਗਲੇ ਸੈਸਨ ਲਈ ਸਰਬਸਮੰਤੀ ਨਾਲ ਸੁਭਾਸ਼ ਬਾਬੂ ਨੂੰ ਪ੍ਰਧਾਨਗੀ ਲਈ ਮਨੋਨੀਤ ਕੀਤਾ ਗਿਆ; ਪਤਾ ਲਗਦਿਆਂ ਹੀ ਉਹ 24 ਜਨਵਰੀ 1938 ਨੂੰ ਕਲਕੱਤਾ ਪਹੁੰਚ

ਗਏ। ਕੁਝ ਦਿਨ ਉਥੇ ਰਹਿਕੇ ਉਹ ਹਰੀਪੁਰਾ ਪਧਾਰੇ ਜਿੱਥੇ ਇਹਨਾਂ ਦਾ ਪ੍ਰਧਾਨ ਦੇ ਰੂਪ ਵਿਚ ਜਿਸ ਪੱਧਰ ਤੇ ਸੁਆਗਤ ਹੋਇਆ ਉਹ ਹਰ ਲਿਹਾਜ਼ ਨਾਲ ਬੇਮਿਸਾਲ ਸੀ।

ਇਕ ਸਾਲ ਉਹ ਗਾਂਧੀ ਜੀ ਨਾਲ ਮਿਲਕੇ ਚਲੇ ਤਾਂ ਸਹੀ, ਪਰ ਉਹਨਾਂ ਦੇ ਵਿਚਾਰ ਕਦੇ ਵੀ ਇਕਸਾਰ ਨਹੀਂ ਹੋ ਸਕੇ। ਸੋ ਕੋਈ ਹੈਰਾਨਗੀ ਦੀ ਗੱਲ ਨਹੀਂ, ਅਗਲੇਰੇ ਸੈਸ਼ਨ ਜੋ ਤਰੀਪੁਰਾ ਵਿਚ ਹੋਣਾ ਸੀ, ਗਾਂਧੀ ਜੀ ਨੇ ਸੁਭਾਸ਼ ਦੀ ਥਾਂ ਤੇ ਆਪਣੇ ਕੱਟਰ ਚੇਲੇ ਪਟਾਭਾਈ ਸੀਤਾਰਾਮਈਆ ਦਾ ਨਾਂ ਪ੍ਰਧਾਨਗੀ ਲਈ ਸੁਝਾਇਆ। 20 ਫਰਵਰੀ ਨੂੰ ਪਈਆਂ ਵੋਟਾਂ ਵਿਚ ਸੁਭਾਸ਼ ਦੀ ਫਤਿਹ ਹੋਈ। ਗਾਂਧੀ ਜੀ ਨੇ ਪਟਾਭਾਈ ਦੀ ਹਾਰ ਨੂੰ ਆਪਣੀ ਨਿੱਜੀ ਹਾਰ ਕਿਹਾ। ਉਹਨਾਂ ਦੇ ਇਸ ਸੰਕੇਤ ਦੇ ਪ੍ਰਤੀਕਰਮ ਵਜੋਂ, ਇਕ ਪੰਡਤ ਜਵਾਹਰ ਲਾਲ ਨਹਿਰੂ ਤੋਂ ਇਲਾਵਾ ਬਾਕੀ ਕਾਂਗਰਸ ਵਰਕਿੰਗ ਕਮੇਟੀ ਦੇ ਸਾਰੇ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ। ਸੁਭਾਸ਼ ਪਹਿਲਾਂ ਹੀ ਬੀਮਾਰੀਆਂ ਦੇ ਝੰਬੇ ਹੋਏ ਸਨ; ਸਟਰੈਚਰ ਤੇ ਪਾਕੇ ਉਹਨਾਂ ਨੂੰ ਕਾਂਗਰਸ ਪੰਡਾਲ ’ਚ ਲਿਆਂਦਾ ਗਿਆ, ਕਿਉਂਕਿ ਉਸ ਵੇਲੇ ਉਨ੍ਹਾਂ ਨੂੰ 103 ਡਿਗਰੀ ਬੁਖਾਰ ਵੀ ਸੀ; ਉਹਨਾਂ ਦੀ ਬੀਮਾਰੀ ਦਾ ਖ਼ਿਆਲ ਵੀ ਨਹੀਂ ਰਖਿਆ ਗਿਆ ਤੇ ਸਭੀ ਕਾਰਜਕਰਤਾਵਾਂ ਨੇ ਸਮਾਗਮ ਦੌਰਾਨ ਵਾਰੋ ਵਾਰੀ ਉਹਨਾਂ ਦੇ ਊਜਾਂ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ।

ਸੁਭਾਸ਼ ਕਲਕੱਤਾ ਪਰਤ ਆਏ; ਉਹਨਾਂ ਬੜੀ ਨਿਮਰਤਾ ਨਾਲ ਗਾਂਧੀ ਜੀ ਨਾਲ ਗਲਬਾਤ ਰਾਹੀਂ ਕੋਈ ਵਿਚ ਵਿਚਾਲੇ ਦਾ ਰਾਹ ਲੱਭਣ ਦੀ ਦੋ ਤਿੰਨ ਦਿਨ ਕੋਸ਼ਿਸ਼ ਕੀਤੀ, ਪਰ ਗਾਂਧੀ ਜੀ ਟੱਸ ਤੋਂ ਮਸ ਨਹੀਂ ਹੋਏ। ਸੁਭਾਸ਼ ਜੇ ਚਾਹੁੰਦੇ, ਤਾਂ ਹਰ ਹਾਲਤ ਉਹ ਪ੍ਰਧਾਨ ਦੀ ਪਦਵੀਂ ਤੇ ਸੁਸ਼ੋਭਤ ਰਹਿ ਸਕਦੇ ਸਨ, ਪਰ ਉਨ੍ਹਾਂ ਨੈਤਿਕ ਆਧਾਰ ਤੇ ਅਪ੍ਰੈਲ ਵਿਚ ਕਾਂਗਰਸ ਕਮੇਟੀ ਨੂੰ ਪ੍ਰਧਾਨਗੀ ਤੋਂ ਆਪਣਾ ਅਸਤੀਫਾ ਭੇਜ ਦਿੱਤਾ।

ਸੁਭਾਸ਼ ਨੇ ਫਿਰ ਤੰਗ ਆਕੇ *‘ਫ਼ਾਰਵਰਡ ਬਲਾਕ’* ਦਾ ਗਠਨ ਕੀਤਾ। ਉਹਨਾਂ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ 11 ਅਗਸਤ 1939 ਨੂੰ ਤਿੰਨ ਸਾਲ ਲਈ ਪਾਰਟੀ ’ਚੋਂ ਕੱਢ ਦਿੱਤਾ। ਬੰਗਾਲ ਸੂਬੇ ਦੇ ਕਾਂਗਰਸੀ ਇਸ ਅਪਮਾਨ ਨੂੰ ਬਰਦਾਸ਼ਤ ਨਾ ਕਰ ਸਕੇ ਤੇ ਉਹਨਾਂ ਫਿਰ ਵੀ ਸੁਭਾਸ਼ ਬਾਬੂ ਨੂੰ ਬੰਗਾਲ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣ ਲਿਆ; ਕਾਂਗਰਸ ਦੇ ਨੇਤਾ ਭਲਾ ਕਿਵੇਂ ਇਸ ਨੂੰ ਹਜ਼ਮ ਕਰ ਪਾਂਦੇ; ਉਹਨਾਂ ਬੰਗਾਲ ਦੀ ਕਾਂਗਰਸ ਕਮੇਟੀ ਨੂੰ ਹੀ ਗ਼ੈਰ-ਸਵਿਧਾਨਕ ਕਰਾਰ ਦੇ ਦਿੱਤਾ।

ਕੁਝ ਚਿਰ ਪਿਛੋਂ ਇਕ ਕੌਮੀ ਨਿਰਾਦਰ ਵਾਲੇ ਸਮਾਰਕ ਨੂੰ ਹਟਾਉਣ ਲਈ ਕੀਤੇ ਅੰਦੋਲਣ ਕਰਕੇ ਇਹਨਾਂ ਨੂੰ 2 ਜੁਲਾਈ 1940 ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ 16 ਨਵੰਬਰ ਨੂੰ ਭੁਖ-ਹੜਤਾਲ ਕਰ ਦਿੱਤੀ; ਸਰਕਾਰ ਨੇ ਘਬਰਾਕੇ ਇਹਨਾਂ ਨੂੰ ਇਸ ਸ਼ਰਤ ਤੇ ਰਿਹਾ ਕੀਤਾ ਕਿ ਇਹ ਘਰ ਵਿਚ ਹੀ ਨਜਰਬੰਦ ਰਹਿਣਗੇ।

15 ਜਨਵਰੀ ਨੂੰ ਸੁਭਾਸ਼ ਇਕ ਮੌਲਵੀ ਦਾ ਭੇਸ ਧਾਰਕੇ, ਖੁਫ਼ੀਆ ਪੁਲੀਸ ਦੀ ਅੱਖੀਂ ਘਟਾ ਪਾਕੇ ਖਿਸਕ ਗਏ ਤੇ ਕਈ ਜੋਖਮ ਭਰੇ ਪੜਾਅ ਪਾਰ ਕਰਕੇ 26 ਜਨਵਰੀ 1941 ਨੂੰ ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਜਾ ਪਹੁੰਚੇ, ਤੇ ਉਸ ਦਿਨ ਹੀ ਜਾਕੇ ਸਰਕਾਰ ਨੂੰ ਇਹਨਾਂ ਦੇ ਫਰਾਰ ਹੋਣ ਦਾ ਪਤਾ ਚਲਿਆ। ਉਹ 28 ਮਾਰਚ ਨੂੰ ਜਰਮਨੀ ਦੀ ਰਾਜਧਾਨੀ ਬਰਲਿਨ ਪਹੁੰਚੇ, ਜਿੱਥੇ ਉਹਨਾਂ ਦੀ ਹਿਟਲਰ ਨਾਲ ਭੇਂਟ ਹੋਈ। ਜਰਮਨੀ ਵਿਚ ਉਹਨਾਂ ਹਿੰਦੋਸਤਾਨੀ ਜੰਗੀ ਕੈਦੀਆਂ ਨੂੰ ਹਿੰਦੋਸਤਾਨ ਦੇ ਆਜ਼ਾਦੀ ਸੰਗਰਾਮੀਏ ਬਨਣ ਦੀ ਪ੍ਰੇਰਣਾ ਦੇਕੇ ਉਥੇ *ਆਜ਼ਾਦ ਹਿੰਦ ਫ਼ੌਜ* ਦਾ ਗਠਨ ਕੀਤਾ।

ਕੁਝ ਚਿਰ ਪਿਛੋਂ ਸੁਭਾਸ਼ ਨੇ ਸੋਚਿਆ ਕਿ ਇਹ ਦੇਸ਼ (ਭਾਵ ਜਰਮਨੀ) ਭਾਰਤ ਤੋਂ ਬਹੁਤ ਵੱਡੀ ਦੂਰੀ ਤੇ ਹੈ, ਤੇ ਜਮੀਨੀ ਫੌਜਾਂ ਇਥੋਂ ਚਲਕੇ ਭਾਰਤ ਨੂੰ ਫਤਿਹ ਨਹੀਂ ਕਰ ਪਾਣਗੀਆਂ ਤੇ ਉਧਰ ਉਹਨਾਂ ਨੂੰ ਜਾਪਾਨ ਵਲੋਂ ਤੇ ਆਪਣੇ ਹਿੰਦੀ ਦੇਸ਼ਭਗਤਾਂ ਵਲੋਂ ਸਦਾ ਆਇਆ ਕਿ ਓਧਰ ਚਲੇ ਆਓ। ਉਨੀਂ ਦਿਨੀਂ ਜਾਪਾਨੀ ਫ਼ੌਜਾਂ ਬਿਨਾਂ ਰੋਕ ਟੋਕ ਭਾਰਤ ਵੱਲ ਵਧਦੀਆਂ ਆ ਰਹੀਆਂ ਸਨ। ਸੋ ਆਪ ਇਕ ਪਣਡੁਬਨੀ (submarine) ਰਾਹੀਂ 20 ਜੂਨ 1943 ਨੂੰ ਜਾਪਾਨ ਦੀ ਰਾਜਧਾਨੀ ਟੋਕੀਓ ਜਾ ਪਹੁੰਚੇ।

## ਆਜ਼ਾਦ ਹਿੰਦ ਫ਼ੌਜ

ਸੁਭਾਸ਼ ਬਾਬੂ ਦੇ ਜਾਪਾਨ ਆਉਣ ਤੋਂ ਪਹਿਲਾਂ ਹੀ ਆਜ਼ਾਦ ਹਿੰਦ ਫੌਜ ਹੋਂਦ ਵਿਚ ਆ ਚੁੱਕੀ ਸੀ, ਪਰ ਕੁਝ ਅਣਸੁਖਾਵੀਆਂ ਘਟਨਾਵਾਂ ਕਰਕੇ ਡਾਵਾਂਡੋਲ ਹਾਲਤ ਵਿਚ ਸੀ, ਜੋ ਇਹਨਾਂ ਦੇ ਆਉਂਦਿਆਂ ਹੀ ਨੌਂ ਬਰ ਨੌਂ ਹੋ ਗਈ। ਆਪਣੀ ਜਦੋਜਹਿਦ ਨੂੰ ਉਚੇਰੀ ਪੱਧਰ ਤੇ ਲਿਜਾਦਿਆਂ ਆਜ਼ਾਦ ਹਿੰਦ ਹਕੂਮਤ ਦਾ ਐਲਾਨ ਕੀਤਾ ਗਿਆ – ਸੁਭਾਸ਼ ਨੇ ਪ੍ਰਤਿਗਿਆ ਕੀਤੀ, "ਮੈਂ ਸਦਾ ਭਾਰਤ ਦਾ ਨਿਮਾਣਾ ਸੇਵਕ ਰਹਾਂਗਾ ਅਤੇ ਆਪਣੇ ਚਾਲੀ ਕਰੋੜ ਭਾਰਤੀਆਂ ਦੀ ਆਜ਼ਾਦੀ ਲਈ ਜੂਝਦਾ ਰਹਾਂਗਾ। ਇਹ ਮੇਰਾ ਪਰਮ ਕਰਤਵ ਹੋਵੇਗਾ।" ਉਧਰ ਜਾਪਾਨ ਦੇ ਬਰਮਾ ਨੂੰ ਫਤਿਹ ਕਰ ਲੈਣ ਪਿਛੋਂ ਭਾਰਤ ਤੇ ਧਾਵਾ ਬੋਲਣ ਵੇਲੇ ਆਜਾਦ ਹਿੰਦ ਫ਼ੌਜ ਨੇ ਜਾਨ ਤੋੜ ਕੇ ਅੰਗਰੇਜ਼ੀ ਫ਼ੌਜਾਂ ਦਾ ਟਾਕਰਾ ਕੀਤਾ। ਆਜ਼ਾਦ ਹਿੰਦ ਹਕੂਮਤ ਨੂੰ ਹੀ ਭਾਰਤ ਦੇ ਆਜ਼ਾਦ ਕਰਾਏ ਇਲਾਕੇ ਦਾ ਚਾਰਜ ਦਿੱਤਾ ਗਿਆ। ਬਦ ਕਿਸਮਤੀ ਨਾਲ, ਅਜੇ ਇਹ ਭਾਰਤ ਵਿਚ ਪੈਰ ਜਮਾ ਹੀ ਰਹੇ ਸਨ, ਕਿ ਬਰਸਾਤਾ ਸ਼ੁਰੂ ਹੋ ਗਈਆਂ, ਜਿਸ ਦੇ ਕਾਰਨ ਦੁਸ਼ਮਣ ਇਹਨਾਂ ਤੇ ਹਾਵੀ ਹੋਣ ਲੱਗ ਪਿਆ ਤੇ ਵਿਸ਼ਵ ਪੱਧਰ ਤੇ ਵੀ ਜੰਗ ਦਾ ਪਾਸਾ ਅੰਗਰੇਜ਼ ਦੇ ਹਕ ਵਿਚ ਪਲਟਣ ਲੱਗਾ। ਅਜੇਹੇ ਸੰਕਟਮਈ ਦੌਰ ਵਿਚ ਆਜ਼ਾਦ ਹਿੰਦ ਫ਼ੌਜ ਨੂੰ ਜਿਨ੍ਹਾਂ ਹਾਲਾਤ ਵਿਚ ਇਹ ਪੈਂਡਾ ਤਹਿ ਕਰਨਾ ਪਿਆ, ਉਹਦੀ ਵਿਥਿਆ ਲੂੰ ਕੰਢੇ ਖੜੇ ਕਰਨ ਵਾਲੀ ਹੈ।

ਇਸ ਇਮਤਿਹਾਨ ਦੀ ਘੜੀ ਵਿਚ *ਨੇਤਾ ਜੀ* ਦੀ ਭੂਮਿਕਾ ਇਤਿਹਾਸ ਦੇ ਪੰਨਿਆਂ ਤੇ ਸੁਨਹਿਰੀ ਅੱਖਰਾਂ ਵਿਚ ਉਕਰਨ ਵਾਲੀ ਸੀ।

(ਸੁਰਗਵਾਸੀ) ਗਿਆਨੀ ਕੇਸਰ ਸਿੰਘ, ਜੋ ਬਾਦ ਵਿਚ ਕੈਨੇਡਾ ਚਲੇ ਗਏ ਸਨ, ਨੇਤਾ ਜੀ ਵੱਲੋਂ ਭਾਰਤ ਦੇ ਫਤਿਹ ਕੀਤੇ ਇਲਾਕੇ ਦੀ ਐਡਮਿੰਸਟਰੇਸ਼ਨ ਦੇ ਮੁੱਖੀ ਥਾਪੇ ਗਏ ਹੋਏ ਸਨ। ਉਹਨਾਂ ਨੇ ਆਪਣੀ *ਆਤਮ ਕਥਾ* ਵਿਚ ਇਸ ਦੌਰ ਨੂੰ ਬਿਆਨਿਆ ਹੈ, ਖਾਸ ਕਰਕੇ ਨੇਤਾ ਜੀ ਦੀ ਭੂਮਿਕਾ ਨੂੰ। ਏਸ ਮੌਕੇ ਅੰਗਰੇਜ਼ ਦੀ ਹਵਾਈ ਫ਼ੌਜ ਪਿਛੇ ਹਟ ਰਹੀ ਆਜ਼ਾਦ ਹਿੰਦ ਫ਼ੌਜ ਦੀਆਂ ਟੁਕੜੀਆਂ ਤੇ ਤਾਬੜ-ਤੋੜ ਹਵਾਈ ਬੰਬਬਾਰੀ ਕਰ ਰਹੀ ਸੀ। ਨੇਤਾ ਜੀ ਨੇ ਸਾਰਿਆਂ ਦੇ ਤਰਲੇ ਮਿਨਤਾਂ ਦੇ ਬਾਵਜੂਦ ਕਿਸੇ ਕੀਮਤ ਤੇ ਵੀ ਹਵਾਈ ਜਹਾਜ਼ ਰਾਹੀਂ ਉਥੋਂ ਬਚ ਨਿਕਲਣਾ ਪਰਵਾਨ ਨਹੀਂ ਕੀਤਾ ਹਾਲਾਂਕਿ ਇਨ੍ਹੀਂ ਦਿਨੀਂ ਇਹਨਾਂ ਦੇ ਆਪਣੇ ਹਵਾਈ ਜਹਾਜ਼ ਐਮਰਜੈਂਸੀ ਉਡਾਨਾਂ ਰਾਹੀਂ ਅਤੀ ਗੰਭੀਰ ਜ਼ਖ਼ਮੀ ਫ਼ੌਜੀਆਂ ਨੂੰ ਉਥੋਂ ਕੱਢ ਕੇ ਲਿਜਾ ਵੀ ਰਹੇ ਸਨ।

"ਤੁਮ ਮੁਝੇ ਖ਼ੂਨ ਦੋ, ਮੈਂ ਤੁਮਹੇਂ ਆਜ਼ਾਦੀ ਦੂੰਗਾ" ਦੇ ਧਾਰਨੀ ਭਲਾ ਕਿਵੇਂ ਆਪਣ ਸਾਥੀਆਂ ਨੂੰ ਜੋਖ਼ਮ ਵਿਚ ਛੱਡਕੇ ਆਪਣੀ ਜਾਨ ਬਚਾਉਣਾ ਲੋਚ ਸਕਦੇ ਸਨ।

## ਆਖ਼ਰੀ ਉਡਾਨ

24 ਅਪ੍ਰੈਲ 1945 ਨੂੰ ਆਪ ਰੰਗੂਨ ਤੋਂ ਬੰਕਾਕ ਚਲੇ ਗਏ, ਉਥੋਂ ਸਿੰਗਾਪੁਰ ਗਏ ਤੇ 16 ਅਗਸਤ ਦੇ ਦਿਨ ਹਵਾਈ ਜਹਾਜ ਰਾਹੀਂ ਟੋਕਿਓ ਲਈ ਰਵਾਨਾ ਹੋਏ। 18 ਅਗਸਤ ਨੂੰ ਇਹ ਜਹਾਜ਼ ਫਾਰਮੂਸਾ (ਤਾਈਵਾਨ) ਦੇ ਤਾਇਹੋਕੁ ਹਵਾਈ ਅਡੇ ਤੇ ਹਾਦਸੇ ਦੇ ਸ਼ਿਕਾਰ ਹੋਇਆ ਤੇ ਨੇਤਾ ਜੀ ਅੱਗ ਦੀ ਲਪੇਟ ਵਿਚ ਆਉਣ ਕਰਕੇ ਗੰਭੀਰ ਰੂਪ ਵਿਚ ਘਾਇਲ ਹੋਏ; ਉਹਨਾਂ ਦੀ ਜੀਵਨ ਯਾਤਰਾ ਦੇ ਅੰਤਮ ਪੜਾਅ ਬਾਰੇ ਅਜੇ ਵੀ ਵਿਵਾਦ ਚਲ ਰਹੇ ਹਨ।

ਵੈਸੇ ਗ਼ਦਰੀ ਬਾਬਾ ਹਰੀ ਸਿੰਘ ਓਸਮਾਨ ਜਿਨ੍ਹਾਂ ਦੀ ਆਜ਼ਾਦ ਹਿੰਦ ਫ਼ੌਜ ਵਿਚ ਵੀ ਮਹਤੱਵਪੂਰਨ ਭੂਮਿਕਾ ਰਹੀ ਹੈ। ਉਹਨਾਂ, ਆਪਣੇ ਪਿਡ ਬਦੋਵਾਲ-ਲੁਧਿਆਣਾ ਵਿਖੇ ਆਪਣੀ ਕੁਟੀਆ ਵਿਚ ਇਕ ਵੱਡਾ ਸਾਰਾ ਬੈਨਰ ਲਾ ਰਖਿਆ ਸੀ,

"ਅਗਰ ਹਮ ਜ਼ਿੰਦਾ ਹੈਂ, ਤੋ ਸੁਭਾਸ਼ ਜ਼ਿੰਦਾ ਹੈਂ,
ਅਗਰ ਸੁਭਾਸ਼ ਜ਼ਿੰਦਾ ਹੈਂ ਤੋ ਹਮ ਜ਼ਿੰਦਾ ਹੈਂ।"

## ਨੇਤਾ ਜੀ ਤੇ ਆਜ਼ਾਦੀ ਸੰਗਰਾਮ

ਆਜ਼ਾਦ ਹਿੰਦ ਫ਼ੌਜ ਲੜਾਈ ਦੇ ਮੈਦਾਨ ਵਿਚ ਭਾਵੇ ਮਾਤ ਖਾ ਗਈ, ਪਰ ਇਸਦੇ ਅਣਚਾਹੇ ਤੇ ਅਣਕਿਆਸੇ ਪ੍ਰਭਾਵਾਂ ਤਹਿਤ ਹੀ ਅੰਗਰੇਜ਼ਾਂ ਦੇ ਵਿਸ਼ਵ ਯੁੱਧ ਵਿਚ ਜਿਤ ਹਾਸਲ ਕਰਨ ਦੇ ਦੋ ਕੁ ਸਾਲ ਪਿੱਛੋਂ ਹੀ ਉਹਨਾਂ ਨੂੰ ਭਾਰਤ ਤੋਂ ਬਿਸਤਰਾ ਗੋਲ ਕਰਨਾ ਪਿਆ, ਜਿਸ ਖਾਤਰ ਹੀ ਉਨ੍ਹਾਂ ਇਹ ਜੰਗ ਲੜੀ ਸੀ।

ਹੋਇਆ ਇੰਜ ਕਿ ਲੜਾਈ ਮੁਕਣ ਪਿੱਛੋਂ ਤਿੰਨ ਪ੍ਰਮੁੱਖ ਅਫਸਰਾਂ ਪ੍ਰੇਮ ਨਾਥ ਸਹਿਗਲ, ਗੁਰਬਖਸ਼ ਸਿੰਘ ਢਿੱਲੋਂ ਤੇ ਸ਼ਾਹਨਵਾਜ਼ ਖਾਂ ਦਾ ਕੋਰਟ ਮਾਰਸ਼ਲ ਵਿੱਢ ਦਿੱਤਾ ਤੇ ਵਿਦਰੋਹ ਦੇ ਗੰਭੀਰ ਦੋਸ਼ ਆਇਦ ਕੀਤੇ ਜਿਨਾਂ ਦੇ ਆਧਾਰ ਤੇ ਇਹਨਾਂ ਨੂੰ ਫਾਂਸੀ ਦੀ ਸਜ਼ਾ ਵੀ ਹੋ ਸਕਦੀ ਸੀ। ਦੇਸ਼ਵਾਸੀਆਂ ਨੂੰ ਲੱਗਾ ਕਿ ਜਿੱਥੇ ਬਾਕੀ ਦੇ ਦੇਸਾਂ ਵਿਚ ਜੰਗ ਦੌਰਾਨ ਮਾਤਰਭੂਮੀ ਖਾਤਰ ਜੂਝਣ ਵਾਲਿਆਂ ਨੂੰ ਮਾਨ-ਸਨਮਾਨ ਦਿੱਤੇ ਜਾ ਰਹੇ ਹਨ, ਇਸਦੇ ਐਨ ਉੱਲਟ ਸਾਡੇ ਦੇਸ਼ ਭਗਤਾਂ ਲਈ ਫਾਂਸੀ ਦੇ ਰਸੇ-ਪੈੜੇ ਵੱਟੇ ਜਾ ਰਹੇ ਹਨ।

ਇਸ ਪ੍ਰਤੀਕਰਮ ਦੀ ਤੁਲਣਾ ਸਹਿਜੇ ਹੀ ਜਵਾਲਾਮੁਖੀ ਦੇ ਫਟ ਜਾਣ ਨਾਲ ਕੀਤੀ ਜਾ ਸਕਦੀ ਹੈ; ਜ਼ਿਕਰਯੋਗ ਹੈ ਕਿ ਆਜ਼ਾਦ ਹਿੰਦ ਫ਼ੌਜ ਵਾਲੇ ਜਾਂਬਾਜ਼ ਜੋਧਿਆਂ ਵਿਚ ਹਿੰਦੂ, ਸਿੱਖ, ਮੁਸਲਮਾਨ ਸਾਰੇ ਹੀ ਵੱਡੀ ਗਿਣਤੀ ਵਿਚ ਸ਼ਾਮਲ ਸਨ ਤੇ ਸ਼ਾਇਦ ਇਸੇ ਲਈ ਸਰਕਾਰ ਨੇ ਇਹਦੇ ਤਿੰਨ (ਹਿੰਦੂ, ਸਿੱਖ, ਮੁਸਲਿਮ) ਜਰਨੈਲਾਂ — ਸਹਿਗਲ, ਢਿੱਲੋਂ, ਤੇ ਸਾਹਨਵਾਜ਼ ਨੂੰ ਕੋਰਟ ਮਾਰਸ਼ਲ ਲਈ ਚੁਣਿਆ। ਕੁਝ ਵੀ ਹੋਵੇ, ਆਪ ਮੁਹਾਰੇ ਜੰਤਕ ਵਿਦਰੋਹ ਦੇ ਮਾਹੌਲ ਵਿਚ ਲੋਕਾਈ ਦੇ ਮਨ-ਮਸਤਕ ਚੋਂ ਆਪ ਮੁਹਾਰੇ ਦੇਸ਼ ਦੇ ਕੋਨੇ-ਕੋਨੇ ਵਿਚ ਨਾਅਰੇ ਗੂੰਜ ਉਠੇ —

ਲਾਲ ਕਿਲ੍ਹੇ ਸੇ ਆਈ ਆਵਾਜ਼,
ਸਹਿਗਲ ਢਿੱਲੋਂ ਸਾਹਨਿਵਾਜ਼।

ਲੇਖਕ ਲਈ ਜੋ ਉਸ ਵੇਲੇ ਕਾਲੇਜ ਵਿਦਿਆਰਥੀ ਸੀ, ਹੁਣ ਤੀਕ ਉਹਨਾਂ ਨਾਅਰਿਆਂ ਦੀ ਗੂੰਜ ਨਵੀਂ ਨਰੋਈ ਹੈ।

ਕੌਮੀ ਇਕਜੁਟਤਾ ਦਾ ਸੰਕਲਪ ਜੋ ਅਕਸਰ ਨੇਤਾ ਲੋਕ ਪ੍ਰਸਤੁਤ ਕਰਦੇ ਹਨ ਉਹਦਾ ਪ੍ਰਭਾਵ ਤਾਂ ਪਤਾ ਨਹੀਂ ਕਿੰਨਾ ਕੁ ਪੈਂਦਾ ਹੈ, ਪਰ ਉਪਰ ਦਸੇ ਹਾਲਾਤ ਵਿਚ ਨੇਤਾ ਜੀ ਦੇ ਆਜ਼ਾਦ ਹਿੰਦ ਫ਼ੌਜ ਦੇ ਸੰਕਲਪ ਨੇ ਕੌਮੀ ਇਕਜੁਟਤਾ ਦਾ ਸਮਝੋ ਜਿਵੇਂ ਹੜ੍ਹ ਹੀ ਲੈ ਆਂਦਾ ਹੋਵੇ ਤੇ ਉਹ ਵੀ 1945-46 ਦੌਰਾਨ ਜਦੋਂ ਦੇਸ਼ ਦੀ ਧਰਮਾਂ ਦੇ ਆਧਾਰ ਤੇ ਵੰਡ ਦੀਆਂ ਸਬੀਲਾਂ ਬਣ ਰਹੀਆਂ ਸਨ, ਆਪ ਮੁਹਾਰੀ ਕੌਮੀ ਸਾਂਝ ਦਾ ਇਹ ਦੌਰ ਆਜ਼ਾਦੀ ਸੰਗਰਾਮ ਦੌਰਾਨ ਭਾਈਚਾਰਕ ਸੰਪਰਦਾਇਕ ਭਿੰਨ-ਭੇਦਾਂ ਤੋਂ ਉਪਰ ਉਠ ਕੇ ਦੇਸ਼ ਪ੍ਰਤੀ ਸਮਰਪਣ ਦਾ ਪ੍ਰਤੀਕ ਕਿਹਾ ਜਾ ਸਕਦੈ।

ਸਭ ਤੋਂ ਪਹਿਲਾਂ ਇਹਦੇ ਪ੍ਰਭਾਵ ਹੇਠ ਏਅਰ ਫੋਰਸ, ਨੇਵੀ ਤੇ ਕਈ ਥਾਂਈ ਫ਼ੌਜੀ ਟੁਕੜੀਆਂ ਵਿਚ ਹੜਤਾਲਾਂ ਹੋਣ ਲੱਗੀਆਂ; 1945-46 ਦੀਆਂ ਅਖਬਾਰਾਂ ਇਹਨਾਂ ਹੜਤਾਲਾਂ ਦੀਆਂ ਖਬਰਾਂ ਨਾਲ ਭਰੀਆਂ ਪਈਆਂ ਹਨ। ਅਖੀਰ ਇਹੀ ਵਿਦਰੋਹੀ ਲਾਟ ਨੇਵੀ ਦੀ ਵੱਡੀ ਸਟਰਾਈਕ ਦੇ ਰੂਪ ਵਿਚ 19 ਫਰਵਰੀ 1946 ਨੂੰ ਵਿਆਪਕ ਵਿਦਰੋਹ ਦੇ ਰੂਪ ਵਿਚ ਪ੍ਰਗਟ ਹੋਈ; ਮਹਤਵਪੂਰਨ ਮੁੱਦਾ ਇਹ ਹੈ ਕਿ 19 ਫਰਵਰੀ 1946 ਸਵੇਰੇ ਹੜਤਾਲ ਸ਼ੁਰੂ ਹੁੰਦੀ ਹੈ, ਤੇ ਉਸੇ ਸ਼ਾਮੀਂ ਲੰਡਨ ਵਿਖੇ ਹਾਊਸ ਆਫ ਲਾਰਡਜ਼ ਵਿਚ ਅੰਗਰੇਜ਼ੀ ਸਰਕਾਰ ਵਲੋਂ ਭਾਰਤ ਦੀ ਆਜ਼ਾਦੀ ਲਈ ਰਾਹ ਪੱਧਰਾ ਕਰਣ ਲਈ ਕੈਬਿਨੇਟ ਮਿਸ਼ਨ ਭੇਜਣ ਦਾ ਐਲਾਨ ਹੁੰਦਾ ਹੈ — ਵਿਚਾਰਣ ਵਾਲੀ ਗੱਲ ਹੈ ਕਿ ਆਖਰ 1946 ਵਿਚ ਕਿਹੜਾ *ਅੰਦੋਲਣ* ਚਲ ਰਿਹਾ ਸੀ ਜੀਹਦੇ ਕਰਕੇ ਅਗਰੇਜ਼ਾਂ ਨੂੰ ਭਾਜੜਾ ਪੈ ਗਈਆਂ — ਸਪਸ਼ਟ ਹੈ, ਕਿ ਫ਼ੌਜਾ ਬਾਗੀ ਹੋਣ ਲੱਗੀਆਂ ਤੇ, ਨਾਲੇ

ਜਨਤਕ ਜਾਗਰੂਕਤਾ ਨੇ ਪ੍ਰਚੰਡ ਰੂਪ ਧਾਰਨ ਕਰ ਲਿਆ, ਤਾਂ ਹੀ 15 ਅਗਸਤ 1947 ਨੂੰ ਆਜ਼ਾਦੀ ਦਾ ਮੂੰਹ ਵੇਖਣਾ ਨਸੀਬ ਹੋਇਆ ਸੀ।